ਮਿੱਠੇ ਬੱਚੇ:- "ਮਿੱਠੇ ਬੱਚੇ :- ਬੇਹੱਦ ਸਰਵਿਸ ਦੇ ਲਈ ਤੁਹਾਡੀ ਬੁੱਧੀ ਚਲਨੀ ਚਾਹੀਦੀ ਹੈ। ਅਜਿਹੀ ਵੱਡੀ ਘੜੀ ਬਣਾਓ ਜਿਸਦੇ ਕਾਂਟੇ ਵਿੱਚ ਰੇਡੀਅਮ ਹੋਵੇ ਜੋ ਦੂਰ ਤੋਂ ਹੀ ਚਮਕਦਾ ਰਹੇ।"

ਪ੍ਰਸ਼ਨ:- ਸਰਵਿਸ ਦੀ ਵ੍ਰਿਧੀ ਦੇ ਲਈ ਕਿਹੜੀ ਯੁਕਤੀ ਰਚਨੀ ਚਾਹੀਦੀ ਹੈ?

ਉੱਤਰ:- ਜੋ-ਜੋ ਮਹਾਰਥੀ ਹੁਸ਼ਿਆਰ ਬੱਚੇ ਹਨ ਉਹਨਾਂ ਨੂੰ ਆਪਣੇ ਕੋਲ ਬੁਲਾਉਣਾ ਚਾਹੀਦਾ ਹੈ। ਮਹਾਰਥੀ ਬੱਚੇ ਚੱਕਰ ਲਗਾਉਂਦੇ ਰਹਿਣ ਤਾਂ ਸਰਵਿਸ ਵ੍ਰਿਧੀ ਨੂੰ ਪਾਉਂਦੀ ਰਹੇਗੀ, ਇਸ ਵਿੱਚ ਇਵੇਂ ਨਹੀਂ ਸਮਝਣਾ ਚਾਹੀਦਾ ਹੈ ਕਿ ਸਾਡਾ ਮਾਨ ਘਟ ਹੋ ਜਾਏਗਾ। ਬੱਚਿਆਂ ਨੂੰ ਕਦੀ ਵੀ ਦੇਹ -ਅਭਿਮਾਨ ਵਿੱਚ ਨਹੀਂ ਆਉਣਾ ਚਾਹੀਦਾ। ਮਹਾਂਰਥੀਆਂ ਦਾ ਬਹੁਤ - ਬਹੁਤ ਰਿਗਾਰ੍ਡ ਰੱਖਣਾ ਚਾਹੀਦਾ ਹੈ।

ਗੀਤ:- ਇਹ ਵਕਤ ਜਾ ਰਿਹਾ ਹੈ...

ਓਮ ਸ਼ਾਂਤੀ। ਘੜੀ ਦਾ ਨਾਮ ਸੁਣਿਆ ਤਾਂ ਬੇਹੱਦ ਦੀ ਘੜੀ ਯਾਦ ਪਈ। ਇਹ ਹੈ ਬੇਹੱਦ ਦੀ ਘੜੀ, ਇਸ ਵਿੱਚ ਸਾਰੀ ਬੁੱਧੀ ਨਾਲ ਸਮਝਣ ਵਾਲੀ ਗੱਲ ਹੈ। ਉਨ੍ਹਾਂ ਦਾ ਵੀ ਵੱਡਾ ਕਾਂਟਾ ਅਤੇ ਛੋਟਾ ਕਾਂਟਾ ਹੈ। ਸੈਕਿੰਡ ਦਾ ਵੱਡਾ ਕਾਂਟਾ ਚੱਲਦਾ ਰਹਿੰਦਾ ਹੈ। ਹੁਣ ਰਾਤ ਦੇ 12 ਵੱਜੇ ਹਨ ਯਾਨੀ ਰਾਤ ਪੂਰੀ ਹੋ ਫਿਰ ਦਿਨ ਸ਼ੁਰੂ ਹੋਣਾ ਹੈ। ਇਹ ਬੇਹੱਦ ਦੀ ਘੜੀ ਕਿੰਨੀ ਵੱਡੀ ਹੋਣੀ ਚਾਹੀਦੀ ਹੈ। ਇਸ ਵਿੱਚ ਕਾਂਟੇ ਜੋ ਬਣਾਏ ਜਾਣ ਉਸ ਵਿੱਚ ਰੇਡੀਅਮ ਵੀ ਦੇਣਾ ਚਾਹੀਦਾ ਹੈ, ਜੋ ਦੂਰ ਤੋਂ ਚਮਕਦਾ ਰਹੇ। ਘੜੀ ਤਾਂ ਆਪਣੇ ਆਪ ਸਮਝਾਉਂਦੀ ਹੈ। ਕੋਈ ਵੀ ਨਵਾਂ ਆਏ ਤਾਂ ਘੜੀ ਆਕੇ ਦੇਖੇ। ਬੁੱਧੀ ਵੀ ਕਹਿੰਦੀ ਹੈ ਬਰੋਬਰ ਕਾਂਟਾ ਅੰਤ ਵਿੱਚ ਆਕੇ ਪਹੁੰਚਿਆ ਹੈ। ਕੋਈ ਵੀ ਸਮਝ ਸਕਦਾ ਹੈ ਕਿ ਵਿਨਾਸ਼ ਜ਼ਰੂਰ ਹੋਣਾ ਚਾਹੀਦਾ ਹੈ। ਫਿਰ ਹੈ ਸਤਿਯੁਗ ਦੀ ਆਦਿ। ਸਤਿਯੁਗ ਵਿੱਚ ਬਹੁਤ ਥੋੜੀਆਂ ਆਤਮਾਵਾਂ ਹੁੰਦੀਆਂ ਹਨ। ਤਾਂ ਇੰਨੀ ਸਭ ਆਤਮਾਵਾਂ ਜਰੂਰ ਵਾਪਿਸ ਜਾਂਦੀਆਂ ਹੋਣਗੀਆਂ। ਚਿਤਰਾਂ ਤੇ ਸਮਝਾਉਣਾ ਹੈ ਬਹੁਤ ਸਹਿਜ। ਇਵੇਂ ਦੀ ਘੜੀ ਕੋਈ ਬਣਾਏ ਤਾਂ ਬਹੁਤ ਖਰੀਦ ਕਰਕੇ ਵੀ ਘਰ ਵਿੱਚ ਰੱਖਣ। ਇਹਨਾਂ ਤੇ ਸਮਝਾਉਣਾ ਹੈ। ਇਹ ਕਲਿਯੁਗੀ ਭ੍ਰਸ਼ਟਾਚਾਰੀ ਦੁਨੀਆ ਹੈ। ਅਨੇਕ ਧਰਮ ਵੀ ਹਨ। ਵਿਨਾਸ਼ ਵੀ ਸਾਹਮਣੇ ਖੜ੍ਹਾ ਹੈ। ਨੈਚੁਰਲ ਕਲੇਮਿਟੀਜ ਵੀ ਹੋਣੀ ਹੈ। ਹੁਣ ਇਹਨਾਂ ਲਕਸ਼ਮੀ - ਨਾਰਾਇਣ ਆਦਿ ਨੂੰ ਵੀ ਸਤਿਯੁਗ ਦੀ ਬਾਦਸ਼ਾਹੀ ਕਿਵੇਂ ਮਿਲੀ? ਜਰੂਰ ਬਾਪ ਦਵਾਰਾ ਮਿਲੀ ਹੋਵੇਗੀ। ਪਤਿਤ - ਪਾਵਨ ਆਉਂਦੇ ਹੀ ਹਨ ਪਤਿਤ ਦੁਨੀਆਂ ਵਿੱਚ, ਸੰਗਮ ਤੇ। ਪਾਵਨ ਦੁਨੀਆਂ ਵਿੱਚ ਤਾਂ ਬਾਪ ਨੂੰ ਆਉਣਾ ਨਹੀਂ ਹੈ। ਇਹ ਗੋਲੇ ਤੇ ਸਮਝਾਉਣ ਦੇ ਲਈ ਬੜੀਆਂ ਫਸਟਕਲਾਸ ਗੱਲਾਂ ਹਨ ਅਤੇ ਇਹਨਾਂ ਤੇ ਸਮਝਾਉਣਾ ਕਿਸੇਨੂੰ ਵੀ ਬੜਾ ਸਹਿਜ ਹੈ। ਜਿਸਦੇ ਕੋਲ ਪੈਸੇ ਬਹੁਤ ਹਨ ਉਹ ਤਾਂ ਆਰਟਿਸਟ ਨੂੰ ਝੱਟ ਆਡਰ ਦੇਣ ਅਤੇ ਝੱਟ ਚੀਜ਼ ਤਿਆਰ ਹੋ ਜਾਏ। ਗੌਰਮਿੰਟ ਦਾ ਕੰਮ ਤਾਂ ਇੰਨੇ ਵਿੱਚ ਹੋ ਜਾਂਦਾ, ਇੱਥੇ ਤਾਂ ਮੁਸ਼ਕਿਲ ਕੋਈ ਕੰਮ ਕਰਦੇ ਹਨ। ਕੋਈ ਚੰਗਾ ਆਰਟਿਸਟ ਚਿੱਤਰ ਬਣਾਉਂਦਾ ਹੈ ਤਾਂ ਉਹ ਸ਼ੋਭਦਾ ਵੀ ਹੈ। ਅੱਜਕਲ ਆਰਟ ਦਾ ਮਾਨ ਬਹੁਤ ਹੈ। ਡਾਂਸ ਦਾ ਆਰਟ ਕਿੰਨਾ ਦਿਖਾਉਂਦੇ ਹਨ, ਸਮਝਦੇ ਹਨ ਪਹਿਲੇ ਇਵੇਂ ਡਾਂਸ ਹੁੰਦੇ ਸਨ। ਪਰ ਇਵੇਂ ਕੋਈ ਹੈ ਨਹੀਂ। ਤਾਂ ਇਹ ਬੇਹੱਦ ਦੀ ਘੜੀ ਫਟ ਤੋਂ ਬਣਾਉਣੀ ਚਾਹੀਦੀ ਹੈ। ਜੋ ਚੰਗੀ ਤਰ੍ਹਾਂ ਮਨੁੱਖ ਸਮਝ ਜਾਣ। ਕਲਰ ਵੀ ਅਜਿਹਾ ਚੰਗਾ ਹੋਵੇ ਜੋ ਚਮਕਦਾ ਰਹੇ। ਪਤਿਤ - ਪਾਵਨ ਕੋਈ ਮਨੁੱਖ ਤਾਂ ਹੋ ਨਹੀਂ ਸਕਦਾ। ਮਨੁੱਖ ਪਤਿਤ ਹੈ ਨਾ ਤਾਂ ਤੇ ਗਾਉਂਦੇ ਹਨ। ਪਾਵਨ ਦੁਨੀਆਂ ਵੀ ਸਵਰਗ ਹੈ। ਮਨੁੱਖ ਤਾਂ ਨਹੀਂ ਸਮਝਦੇ ਕਿ ਸ਼੍ਰੀਕ੍ਰਿਸ਼ਨ ਹੀ ਸ਼ਾਮ ਹੈ ਫਿਰ ਸੁੰਦਰ ਬਣਦਾ ਹੈ ਇਸਲਈ ਨਾਮ ਪਿਆ ਹੈ ਸ਼ਾਮ ਸੁੰਦਰ। ਅਸੀਂ ਵੀ ਪਹਿਲੇ ਨਹੀਂ ਸਮਝਦੇ ਸੀ, ਹੁਣ ਬੁੱਧੀ ਵਿੱਚ ਹੈ ਬਰੋਬਰ ਕਾਮ ਚਿਤਾ ਤੇ ਬੈਠਣ ਨਾਲ ਕਾਲਾ ਹੋ ਜਾਂਦਾ ਹੈ ਮਤਲਬ ਆਤਮਾ ਪਤਿਤ ਹੋ ਜਾਂਦੀ ਹੈ। ਇਹ ਵੀ ਸਪੱਸ਼ਟ ਕਰਕੇ ਲਿਖਣਾ ਹੈ। ਵਰਸਾ ਦਿੰਦੇ ਹਨ ਪਰਮਪਿਤਾ ਪਰਮਾਤਮਾ ਅਤੇ ਸ਼ਰਾਪ ਦਿੰਦੇ ਹਨ ਰਾਵਣ। ਮਨੁਖ ਦੀ ਬੁੱਧੀ ਫਿਰ ਚਲੀ ਜਾਂਦੀ ਹੈ ਰਘੂਪਤੀ ਰਾਘਵ ਰਾਜਾ ਰਾਮ ਵਲ, ਪਰ ਰਾਮ ਤਾਂ ਹੈ ਪਰਮਪਿਤਾ ਪਰਮਾਤਮਾ। ਇਹ ਸਭ ਬੁੱਧੀ ਚਲਾਕੇ ਚਿੱਤਰ ਬਣਾਉਣੇ ਚਾਹੀਦੇ ਹਨ ਕਿਉਂਕਿ ਅਜਕਲ ਆਪਣੇ ਨੂੰ ਭਗਵਾਨ ਤਾਂ ਸਭ ਕਹਿੰਦੇ ਰਹਿੰਦੇ। ਤੁਸੀਂ ਜਾਣਦੇ ਹੋ ਬਾਪ ਤਾਂ ਇਕ ਹੀ ਹਨ। ਬਾਕੀ ਅਸੀਂ ਸਭ ਆਤਮਾਵਾਂ ਪਰਮਧਾਮ ਵਿੱਚ ਪਰਮਾਤਮਾ ਦੇ ਨਾਲ ਜਾਕੇ ਰਹਾਂ ਗੇ। ਉਸ ਸਮੇਂ ਬਾਪ ਵੀ ਬ੍ਰਾਹਮੰਡ ਦਾ ਮਾਲਿਕ, ਅਸੀਂ ਵੀ ਬ੍ਰਾਹਮੰਡ ਦੇ ਮਾਲਿਕ ਹਾਂ। ਫਿਰ ਬਾਪ ਕਹਿੰਦੇ ਹਨ ਤੁਸੀਂ ਬੱਚਿਆਂ ਨੂੰ ਮੈਂ ਵਿਸ਼ਵ ਦਾ ਮਾਲਿਕ ਬਣਾਉਂਦਾ ਹਾਂ। ਹੋਰ ਭਾਵੇਂ ਕੋਈ ਕਿੰਨਾ ਵੀ ਵੱਡਾ ਰਾਜਾ ਹੋਵੇ ਇਵੇਂ ਨਹੀਂ ਕਹਿਣਗੇ ਕਿ ਅਸੀਂ ਵਿਸ਼ਵ ਦੇ ਮਾਲਿਕ ਹਾਂ। ਬਾਪ ਤਾਂ ਵਿਸ਼ਵ ਦਾ ਮਾਲਿਕ ਬਣਾ ਰਹੇ ਹਨ। ਤਾਂ ਅਜਿਹੇ ਮਾਤ - ਪਿਤਾ ਤੇ ਕਿੰਨਾ ਕੁਰਬਾਨ ਜਾਣਾ ਚਾਹੀਦਾ ਹੈ। ਉਹਨਾਂ ਦੀ ਸ਼੍ਰੀਮਤ ਮਸ਼ਹੂਰ ਹੈ। ਉਸ ਤੇ ਚੱਲਦੇ - ਚੱਲਦੇ ਪਿਛਾੜੀ ਵਿੱਚ ਆਕੇ ਸ਼੍ਰੀਮਤ ਦਾ ਪੂਰਾ ਪਾਲਣ ਕਰਦੇ ਹਨ। ਹੁਣ ਜੇਕਰ ਸ਼੍ਰੀਮਤ ਤੇ ਪੂਰਾ ਚੱਲਣ ਤਾਂ ਸ਼੍ਰੇਸ਼ਠ ਬਣ ਜਾਣ, ਕਿੰਨਾ ਮੱਥਾ ਮਾਰਨਾ ਪੈਂਦਾ ਹੈ। ਜਦੋਂ ਤੱਕ ਯੱਗ ਹੈ ਉਦੋਂ ਤੱਕ ਪੁਰਸ਼ਾਰਥ ਚੱਲਦਾ ਰਹੇਗਾ।

ਇਹ ਹੈ ਰੁਦ੍ਰ ਗਿਆਨ ਯੱਗ। ਉਹ ਵੀ ਰੁਦ੍ਰ ਯੱਗ ਕਰਦੇ ਹਨ ਸ਼ਾਂਤੀ ਦੇ ਲਈ। ਉਸ ਨਾਲ ਤਾਂ ਸ਼ਾਂਤੀ ਹੋ ਨਾ ਸਕੇ। ਬਾਪ ਦਾ ਤੇ ਇੱਕ ਹੀ ਯੱਗ ਹੈ, ਜਿਸਨਾਲ ਸਾਰੀ ਸਮਗ੍ਰੀ ਸਵਾਹਾ ਹੋ ਜਾਂਦੀ ਹੈ ਅਤੇ ਸੈਕਿੰਡ ਵਿੱਚ ਜੀਵਨਮੁਕਤੀ ਮਿਲਦੀ ਰਹਿੰਦੀ ਹੈ। ਉਹ ਕਿੰਨੇ ਯੱਗ ਰਚਦੇ ਹਨ, ਫਾਇਦਾ ਕੋਈ ਨਹੀਂ। ਤੁਸੀਂ ਬੱਚੇ ਹੋ ਨਾਨਵਾਯੋਲੇਂਸ। ਪਵਿੱਤਰਤਾ ਬਿਗਰ ਕੋਈ ਸਵਰਗ ਵਿੱਚ ਜਾ ਨਾ ਸਕੇ। ਇਹ ਹੈ

ਪਿਛਾੜੀ ਦਾ ਸਮਾਂ। ਪਤਿਤ ਦੁਨੀਆਂ, ਭ੍ਰਿਸ਼ਟਾਚਾਰੀ ਰਾਵਣ ਦੀ ਦੁਨੀਆਂ, 100 ਪ੍ਰਤੀਸ਼ਤ ਅਪਵਿੱਤਰਤਾ, ਅਸ਼ਾਂਤੀ, ਦੁੱਖੀ, ਰੋਗੀ ... ਇਹ ਸਭ ਲਿਖਣਾ ਪਵੇ ਅਤੇ ਫਿਰ ਸਵਰਗ ਵਿੱਚ ਹੈ ਸ਼੍ਰੇਸ਼ਠਾਚਾਰੀ, 100 ਪ੍ਰਤਿਸ਼ਤ ਪਵਿੱਤਰਤਾ - ਸੁਖ ਸ਼ਾਂਤੀ ਨਿਰੋਗੀ। ਉਹ ਹੈ ਰਾਵਣ ਦਾ ਸ਼ਰਾਪ, ਇਹ ਹੈ ਸ਼ਿਵਬਾਬਾ ਦਾ ਵਰਸਾ - ਪੂਰੀ ਲਿਖਤ ਹੋਣੀ ਚਾਹੀਦੀ ਹੈ। ਭਾਰਤ ਫਲਾਣੇ ਸਮੇਂ ਤੱਕ ਸ਼੍ਰੇਸ਼ਠਾਚਾਰੀ ਸੀ ਫਿਰ ਫਲਾਣੇ ਸਮੇਂ ਤੋਂ ਭ੍ਰਿਸ਼ਟਾਚਾਰੀ ਬਣਿਆ ਹੈ। ਲਿਖਿਤ ਅਜਿਹੀ ਹੈ ਜੋ ਦੇਖਣ ਨਾਲ ਸਮਝ ਜਾਣ। ਸਮਝਾਉਣ ਨਾਲ ਵੀ ਬੁੱਧੀ ਵਿੱਚ ਨਸ਼ਾ ਚੜ੍ਹੇਗਾ। ਇਸ ਧੰਧੇ ਵਿੱਚ ਹੀ ਰਹਿਣ ਨਾਲ ਫਿਰ ਪ੍ਰੈਕਟਿਸ ਹੋ ਜਾਏਗੀ। ਉਹ ਸਰਵਿਸ 8 ਘੰਟਾ ਕਰਦੇ ਹਨ ਤਾਂ ਇਹ ਵੀ 8 ਘੰਟਾ ਕਰਨੀ ਚਾਹੀਦੀ ਹੈ। ਸੈਂਟਰ ਤੇ ਬੱਚੀਆਂ ਜੋ ਹਨ ਉਹਨਾਂ ਵਿੱਚ ਵੀ ਨੰਬਰਵਾਰ ਹਨ। ਕਿਸੇ ਨੂੰ ਤਾਂ ਸਰਵਿਸ ਦਾ ਬਹੁਤ ਸ਼ੌਕ ਹੈ। ਜਿੱਥੇ - ਕਿਤੇ ਭੱਜਦੇ ਰਹਿੰਦੇ ਹਨ। ਕਈ ਤਾਂ ਇੱਕ ਹੀ ਜਗ੍ਹਾ ਤੇ ਆਰਾਮ ਨਾਲ ਬੈਠ ਜਾਂਦੇ ਹਨ, ਉਨ੍ਹਾਂ ਨੂੰ ਆਲਰਾਉਂਡਰ ਨਹੀਂ ਕਹਾਂਗੇ। ਮਹਾਂਰਥੀਆਂ ਨੂੰ ਤਾਂ ਕੁਝ ਸਮਝਦੇ ਨਹੀਂ ਹਨ ਤਾਂ ਸਰਵਿਸ ਵੀ ਢਿੱਲੀ ਪੈ ਜਾਂਦੀ ਹੈ। ਬਹੁਤਿਆਂ ਨੂੰ ਆਪਣਾ ਹੰਕਾਰ ਬਹੁਤ ਰਹਿੰਦਾ ਹੈ। ਸਾਡਾ ਮਾਨ ਹੋਵੇ, ਦੂਸਰਾ ਕੋਈ ਆਏਗਾ ਤਾਂ ਸਾਡਾ ਮਾਨ ਘੱਟ ਹੋ ਜਾਏਗਾ। ਇਹ ਨਹੀਂ ਸਮਝਦੇ ਕਿ ਮਹਾਰਥੀ ਤਾਂ ਮਦਦ ਕਰਨਗੇ। ਆਪਣਾ ਹੰਕਾਰ ਰਹਿੰਦਾ ਹੈ, ਇਵੇਂ ਦੇ ਵੀ ਬੁੱਧੂ ਹਨ। ਬਾਪ ਕਹਿੰਦੇ ਹਨ ਸੱਚੀ ਦਿਲ ਤੇ ਹੀ ਸਾਹਿਬ ਰਾਜ਼ੀ ਹੁੰਦਾ ਹੈ। ਬਾਬਾ ਦੇ ਕੋਲ ਸਮਾਚਾਰ ਤਾਂ ਆਉਂਦੇ ਰਹਿੰਦੇ ਹਨ ਨਾ। ਬਾਬਾ ਹਰ ਇੱਕ ਦੀ ਰਗ ਨੂੰ ਸਮਝਦੇ ਹਨ। ਇਹ ਬਾਬਾ ਵੀ ਅਨੁਭਵੀ ਹੈ।

ਤਾਂ ਇਹ ਗੋਲੇ ਤੇ ਸਮਝਾਉਣਾ ਵੀ ਬਹੁਤ ਚੰਗਾ ਹੈ। ਇਹ ਸਮਝਾਣੀ ਤੁਹਾਡੀ ਨਿਕਲੇਗੀ ਤਾਂ ਤੁਹਾਡੀ ਸਰਵਿਸ ਬਹੁਤ ਚੰਗੀ ਵਿਹੰਗ ਮਾਰਗ ਦੀ ਹੋ ਜਾਏਗੀ। ਹੁਣ ਤਾਂ ਚੀਟੀ ਮਾਰਗ ਦੀ ਸਰਵਿਸ ਹੈ। ਆਪਣੇ ਹੀ ਦੇਹ - ਅਭਿਮਾਨ ਵਿੱਚ ਰਹਿੰਦੇ ਹਨ, ਇਸਲਈ ਬੁੱਧੀ ਚੱਲਦੀ ਨਹੀਂ। ਹੁਣ ਇਹ ਹੈ ਵਿਹੰਗ ਮਾਰਗ ਦੀ ਸਰਵਿਸ। ਸਰਵਿਸਏਬੁਲ ਬੱਚਿਆਂ ਦਾ ਮੱਥਾ ਚਲਦਾ ਰਹੇਗਾ - ਕੀ - ਕੀ ਬਣਨਾ ਚਾਹੀਦਾ ਹੈ। ਚਿਤਰਾਂ ਤੇ ਸਮਝਾਉਣਾ ਬੜਾ ਸਹਿਜ ਹੈ। ਹੁਣ ਕਲਿਯੁਗ ਹੈ, ਸਤਿਯੁਗ ਸਥਾਪਨ ਹੁੰਦਾ ਹੈ। ਬਾਪ ਹੀ ਸਭਨੂੰ ਵਾਪਿਸ ਲੈ ਜਾਣਗੇ। ਉੱਥੇ ਹੈ ਸੁਖ, ਇੱਥੇ ਹੈ ਦੁੱਖ। ਸਭ ਪਤਿਤ ਹਨ। ਪਤਿਤ ਮਨੁੱਖ ਨੂੰ ਕੋਈ ਵੀ ਮਨੁੱਖ -ਜੀਵਨਮੁਕਤੀ ਦੇ ਨਹੀਂ ਸਕਦੇ ਹਨ। ਇਹ ਸਬ ਹੈ ਭਗਤੀ ਮਾਰਗ ਦੀ ਕਾਰੋਬਾਰ ਸਿਖਾਉਂਣ ਵਾਲੇ। ਗੁਰੂ ਸਭ ਹਨ ਭਗਤੀ ਮਾਰਗ ਦੇ। ਗਿਆਨ ਮਾਰਗ ਦਾ ਗੁਰੂ ਕੋਈ ਹੈ ਨਹੀਂ। ਇੱਥੇ ਤਾਂ ਕਿੰਨੀ ਮਿਹਨਤ ਕਰਨੀ ਪਵੇਗੀ। ਭਾਰਤ ਨੂੰ ਸਵਰਗ ਬਣਾਉਣ ਵਿੱਚ ਜਾਦੂਗਰੀ ਦਾ ਖੇਲ੍ਹ ਹੈ ਨਾ ਇਸਲਈ ਉਹਨਾਂ ਨੂੰ ਜਾਦੂਗਰ ਵੀ ਕਹਿੰਦੇ ਹਨ। ਸ਼੍ਰੀਕ੍ਰਿਸ਼ਨ ਨੂੰ ਕਦੀ ਜਾਦੂਗਰ ਨਹੀਂ ਕਹਾਂਗੇ। ਸ਼੍ਰੀਕ੍ਰਿਸ਼ਨ ਨੂੰ ਵੀ ਸ਼ਾਮ ਤੋਂ ਸੁੰਦਰ ਬਣਾਉਣ ਵਾਲਾ ਉਹ ਬਾਪ ਹੈ। ਸਮਝਾਉਣ ਦਾ ਬੜਾ ਨਸ਼ਾ ਚਾਹੀਦਾ ਹੈ। ਬਾਹਰ ਵਿੱਚ ਜਾਣਾ ਚਾਹੀਦਾ ਹੈ। ਗਰੀਬ ਹੀ ਚੰਗਾ ਉਠਾਉਂਦੇ ਹਨ। ਸ਼ਾਹੂਕਾਰਾਂ ਵਿੱਚ ਉਮੀਦ ਘਟ ਰਹਿੰਦੀ ਹੈ। 100 ਗ਼ਰੀਬ ਤਾਂ ਇੱਕ - ਦੋ ਸਾਹੂਕਾਰ, 5-7 ਸਾਧਾਰਨ ਨਿਕਲਣਗੇ। ਇਵੇਂ ਹੀ ਕੰਮ ਚੱਲਦਾ ਹੈ। ਧਨ ਦੀ ਇੰਨੀ ਲੋੜ ਨਹੀਂ ਰਹਿੰਦੀ, ਗੌਰਮਿੰਟ ਨੇ ਦੇਖੋ ਕਿੰਨਾ ਬਾਰੂਦ ਬਣਾਇਆ ਹੈ। ਦੋਵੇਂ ਸਮਝਦੇ ਹਨ ਵਿਨਾਸ਼ ਹੋ ਜਾਏਗਾ, ਅਸੀਂ ਵਿਨਾਸ਼ ਨੂੰ ਪਾਵਾਂਗੇ, ਉਦੋਂ ਮਲੂਕ (ਸ਼ਿਕਾਰੀ) ਕੌਣ ਬਣਨਗੇ? ਕਹਾਣੀ ਹੈ ਨਾ ਦੋ ਬਿੱਲੇ ਲੜੇ ਮੱਖਣ ਵਿੱਚ ਬਾਂਦਰ ਨੂੰ ਮਿਲ ਗਿਆ। ਸ਼੍ਰੀਕ੍ਰਿਸ਼ਨ ਦੇ ਮੁਖ ਵਿੱਚ ਮੱਖਣ ਦਿਖਾਉਂਦੇ ਹਨ। ਹੈ ਇਹ ਸਵਰਗ ਰੂਪੀ ਮੱਖਣ। ਇਹ ਗੱਲਾਂ ਮੁਸ਼ਕਿਲ ਹੀ ਕੋਈ ਸਮਝ ਸਕਦੇ ਹਨ। ਇੱਥੇ 20 -25 ਵਰ੍ਹੇ ਰਹਿਣ ਵਾਲੇ ਵੀ ਕੁਝ ਨਹੀਂ ਸਮਝਦੇ। ਪਹਿਲੇ - ਪਹਿਲੇ ਭੱਟੀ ਬਣੀ, ਉਸ ਵਿੱਚ ਕਿੰਨੇ ਆਏ, ਕਿੰਨੇ ਚਲੇ ਗਏ। ਕਈ ਜਮ ਗਏ ਹਨ। ਡਰਾਮੇ ਵਿੱਚ ਕਲਪ ਪਹਿਲੇ ਵੀ ਇਵੇਂ ਹੀ ਹੋਇਆ ਸੀ। ਹੁਣ ਵੀ ਇਵੇਂ ਹੋ ਰਿਹਾ ਹੈ। ਚਿੱਤਰ ਜਿੰਨੇ ਵੱਡੇ ਹੋਣਗੇ ਓਨਾ ਕਿਸੇ ਨੂੰ ਵੀ ਸਮਝਾਉਣਾ ਸਹਿਜ ਹੋਵੇਗਾ। ਲਕਸ਼ਮੀ - ਨਾਰਾਇਣ ਦਾ ਚਿੱਤਰ ਵੀ ਜਰੂਰੀ ਹੈ। ਝਾੜ ਤੋਂ ਪਤਾ ਲੱਗਦਾ ਹੈ ਭਗਤੀ ਕਲਟ ਕਦੋਂ ਤੋਂ ਸ਼ੁਰੂ ਹੁੰਦਾ ਹੈ। ਬ੍ਰਹਮਾ ਦੀ ਰਾਤ ਦੋ ਯੁਗ ਫਿਰ ਬ੍ਰਹਮਾ ਦਾ ਦਿਨ ਦੋ ਯੁੱਗ। ਮਨੁੱਖ ਤਾਂ ਸਮਝਦੇ ਨਹੀਂ ਫਿਰ ਕਹਿਣਗੇ ਬ੍ਰਹਮਾ ਤਾਂ ਸੂਕ੍ਸ਼੍ਮਵਤਨ ਵਿੱਚ ਹੈ। ਪਰ ਪ੍ਰਜਾਪਿਤਾ ਤਾਂ ਜਰੂਰ ਉੱਥੇ ਹੀ ਹੋਵੇਗਾ। ਕਿੰਨੇ ਗੁਹੇ ਰਾਜ਼ ਹਨ ਜੋ ਸ਼ਾਸਤਰਾਂ ਵਿੱਚ ਤਾਂ ਹੋ ਨਹੀਂ ਸਕਦੇ। ਮਨੁੱਖਾਂ ਨੇ ਸਭ ਉਲਟੇ ਚਿੱਤਰ ਦੇਖੇ ਹਨ, ਉਲਟਾ ਗਿਆਨ ਸੁਣਿਆ ਹੈ। ਬ੍ਰਹਮਾ ਨੂੰ ਵੀ ਬਹੁਤ ਬਾਹਵਾਂ ਦਿੱਤੀਆਂ ਹਨ। ਇਹ ਜੋ ਵੀ ਸ਼ਾਸਤਰ ਆਦਿ ਹਨ ਉਹ ਸਭ ਹਨ ਭਗਤੀ ਮਾਰਗ ਦੀ ਸਮਗ੍ਰੀ। ਇਹ ਕਦੋਂ ਤੋਂ ਸ਼ੁਰੂ ਹੁੰਦੀ ਹੈ, ਦੁਨੀਆਂ ਨਹੀਂ ਜਾਣਦੀ। ਮਨੁੱਖ ਭਗਤੀ ਕਿੰਨੀ ਕਰਦੇ ਹਨ, ਸਮਝਦੇ ਹਨ ਭਗਤੀ ਬਿਗਰ ਭਗਵਾਨ ਮਿਲ ਨਹੀਂ ਸਕਦਾ। ਪਰ ਜਦੋਂ ਪੂਰੀ ਦੁਰਗਤੀ ਹੋਵੇ ਉਦੋਂ ਤਾਂ ਭਗਵਾਨ ਮਿਲੇਗਾ ਸਦਗਤੀ ਦੇ ਲਈ। ਇਹ ਹਿਸਾਬ - ਕਿਤਾਬ ਤੁਸੀਂ ਜਾਣਦੇ ਹੋ। ਅੱਧਾਕਲਪ ਤੋਂ ਭਗਤੀ ਸ਼ੁਰੂ ਹੁੰਦੀ ਹੈ। ਬਾਪ ਕਹਿੰਦੇ ਹਨ - ਇਹ ਵੇਦ, ਉਪਨਿਸ਼ਦ, ਯੱਗ -ਤਪ ਆਦਿ ਸਭ ਹਨ ਭਗਤੀ ਮਾਰਗ ਦੇ। ਇਹ ਸਭ ਖਤਮ ਹੋਣੇ ਹਨ। ਸਭਨੂੰ ਕਾਲਾ ਬਣਨਾ ਹੀ ਹੈ ਫਿਰ ਗੋਰਾ ਬਣਾਉਣ ਬਾਪ ਨੂੰ ਆਉਣਾ ਪਵੇ। ਬਾਪ ਕਹਿੰਦੇ ਹਨ ਮੈਂ ਕਲਪ ਦੇ ਸੰਗਮ ਯੁਗੇ - ਯੁਗੇ ਆਉਂਦਾ ਹਾਂ, ਨਾ ਕਿ ਯੁਗੇ - ਯੁਗੇ। ਦਿਖਾਉਂਦੇ ਹਨ ਕੱਛ ਅਵਤਾਰ, ਮੱਛ ਅਵਤਾਰ, ਪਰਸੂਰਾਮ ਅਵਤਾਰ...। ਇਹ ਭਗਵਾਨ ਦੇ ਅਵਤਾਰ ਹਨ, ਫਿਰ ਪੱਥਰ - ਭੀਤਰ ਵਿੱਚ ਭਗਵਾਨ ਕਿਵੇਂ ਹੋ ਸਕਦਾ ਹੈ। ਮਨੁੱਖ ਕਿੰਨੇ ਬੇਸਮਝ ਹੋ ਗਏ ਹਨ। ਬਾਪ ਨੇ ਆਕੇ ਕਿੰਨਾ ਸਮਝਦਾਰ ਬਣਾਇਆ ਹੈ। ਸ਼੍ਰੀਕ੍ਰਿਸ਼ਨ ਦੀ ਇਹ ਮਹਿਮਾ ਹੋ ਨਹੀਂ ਸਕਦੀ। ਸ਼੍ਰੀਕ੍ਰਿਸ਼ਨ ਦੇ ਭਗਤ ਫਿਰ ਸ਼੍ਰੀਕ੍ਰਿਸ਼ਨ ਦੇ ਲਈ ਕਹਿ ਦਿੰਦੇ ਹਨ ਕਿ ਸਰਵਵਿਆਪੀ ਹੈ। ਕਿੰਨਾ ਚਟਕ ਪੈਂਦੇ ਹਨ। ਉਹਨਾਂ ਵਿੱਚ ਨਿਰਾਕਾਰ ਫਿਰ ਬਾਪ ਦਾ ਪਰਿਚੇ ਦਿੰਦੇ ਹਨ ਸਭ ਆਤਮਾਵਾਂ ਭਰਾ - ਭਰਾ ਹੈ, ਸਭ ਫ਼ਾਦਰ ਥੋੜ੍ਹੇ ਹੀ ਹੋ ਸਕਦੇ ਹਨ, ਫਿਰ ਯਾਦ ਕਿਸਨੂੰ ਕੀਤਾ ਜਾਂਦਾ ਹੈ? ਗੋਡ ਫ਼ਾਦਰ ਦੇ ਬੱਚੇ ਯਾਦ ਕਰਦੇ ਹਨ, ਸਮਝਾਉਂਣ ਵਾਲਾ ਵੀ ਬੇਹੱਦ ਬੁੱਧੀ ਵਾਲਾ ਚਾਹੀਦਾ ਹੈ। ਬੱਚਿਆਂ ਦੀ ਬੁੱਧੀ ਹੱਦ ਵਿੱਚ ਫਸ ਜਾਂਦੀ ਹੈ। ਇੱਕ ਜਗ੍ਹਾ ਹੀ ਬੈਠ ਜਾਂਦੇ ਹਨ। ਬਿਜਨੈਸਮੈਨ ਜੋ ਹੁੰਦੇ ਹਨ ਉਹ ਘੜੀ - ਘੜੀ ਬਰਾਂਚਿਜ ਖੋਲ੍ਹਦੇ ਹਨ। ਜਿਨ੍ਹਾਂ ਜੋ ਸੈਂਟਰਸ ਖੋਲਣ ਉਹ ਮੈਨੇਜਰ ਚੰਗਾ। ਫਿਰ ਸੈਂਟਰ ਤੇ ਵੀ ਮਦਾਰ ਹੈ। ਇਹ ਹੈ ਅਵਿਨਾਸ਼ੀ ਗਿਆਨ ਰਤਨਾਂ ਦੀ ਦੁਕਾਨ। ਕਿਸਦੀ? ਗਿਆਨ ਸਾਗਰ ਦੀ। ਪੁਆਇੰਟਸ ਤਾਂ ਬਹੁਤ ਹਨ, ਜੋ ਧਾਰਨ ਕਰ ਸਮਝਾਉਣੀ ਹੈ। ਸਭਾ ਵਿੱਚ ਚਿੱਤਰ ਰੱਖੇ ਹੋਣ ਜੋ ਸਭ ਦੇਖਣ। ਘੜੀ ਦਾ ਚਿੱਤਰ (ਸ੍ਰਿਸਟੀ ਚੱਕਰ ਦਾ) ਚੰਗਾ ਹੈ। ਇਸ ਚੱਕਰ ਨੂੰ ਜਾਨਣ ਨਾਲ

ਚੱਕਰਵਰਤੀ ਬਣਾਂਗੇ। ਸਵਦਰਸ਼ਨ ਚਕ੍ਰਧਾਰੀ ਬਣਨਾ ਹੈ। ਘੜੀ ਤੇ ਸਮਝਾਉਣਾ ਬਹੁਤ ਸਹਿਜ ਹੈ। ਕਿੰਨੇ ਪੁਰਾਣੇ ਬੱਚੇ ਲਾਇਕ ਹੀ ਨਹੀਂ ਬਣਦੇ ਹਨ। ਆਪਣੇ ਨੂੰ ਮਿਆ ਮਿੱਠੂ ਸਮਝ ਬੈਠਦੇ, ਫਾਲਤੂ ਖੁਸ਼ ਹੁੰਦੇ। ਸਰਵਿਸ ਨਹੀਂ ਕਰਨਗੇ ਤਾਂ ਕੌਣ ਸਮਝਣਗੇ ਕਿ ਇਹ ਦਾਨੀ ਹਨ। ਦਾਨ ਵੀ ਅਸ਼ਰਫ਼ੀਆ ਦਾ ਕਰਨਾ ਚਾਹੀਦਾ ਹੈ ਜਾਂ ਪਾਈ ਪੈਸੇ ਦਾ? ਇਹ ਚਿਤਰ ਅੰਨ੍ਹਿਆਂ ਦੇ ਅੱਗੇ ਆਇਨਾ ਹੈ। ਆਈਨੇ ਵਿੱਚ ਆਪਣਾ ਮੁਖ ਦੇਖਣਗੇ। ਪਹਿਲੇ ਬਾਂਦਰ ਦੀ ਸ਼ਕਲ ਸੀ, ਹੁਣ ਮੰਦਿਰ ਦੀ ਸ਼ਕਲ ਬਣ ਰਹੀ ਹੈ। ਮੰਦਿਰ ਵਿੱਚ ਰਹਿਣ ਲਾਇਕ ਬਣਨ ਦਾ ਪੁਰਸ਼ਾਰਥ ਕਰਨਾ ਹੈ। ਇਹ ਹੈ ਪਤਿਤ ਦੁਨੀਆਂ, ਉਹ ਹੈ ਪਾਵਨ ਦੁਨੀਆਂ, ਜੋ ਸ਼ਿਵਬਾਬਾ ਸਥਾਪਨ ਕਰ ਰਹੇ ਹਨ। ਜੋ ਸ਼੍ਰੀਮਤ ਤੇ ਨਹੀਂ ਚੱਲਦੇ ਉਹਨਾਂ ਦੀ ਬੁੱਧੀ ਵਿੱਚ ਕਦੀ ਧਾਰਨਾ ਹੋ ਨਹੀਂ ਸਕਦੀ। ਬਾਪ ਕਹਿੰਦੇ ਹਨ ਪ੍ਰਤੀਦਿਨ ਤੁਹਾਨੂੰ ਗੁਹੇ ਦੱਸਦਾ ਹਾਂ ਤਾਂ ਜਰੂਰ ਗਿਆਨ ਦੀ ਵ੍ਰਿਧੀ ਹੁੰਦੀ ਜਾਏਗੀ।

ਕਈ - ਕਈ ਪ੍ਰਸ਼ਨ ਉਠਾਉਂਦੇ ਹਨ - 8 ਬਾਦਸ਼ਾਹੀ ਕਿਵੇਂ ਚੱਲੇਗੀ? ਇਸ ਹਿਸਾਬ ਨਾਲ ਇੰਨੀ ਬਾਦਸ਼ਾਹੀ ਹੋਣੀ ਚਾਹੀਦੀ ਹੈ। ਬਾਪ ਕਹਿੰਦੇ ਹਨ ਤੁਸੀਂ ਲੋਕ ਇਹਨਾਂ ਗੱਲਾਂ ਵਿੱਚ ਕਿਉਂ ਪੈਂਦੇ ਹੋ? ਪਹਿਲੇ ਬਾਪ ਅਤੇ ਉਹਨਾਂ ਦੇ ਵਰਸੇ ਨੂੰ ਤਾਂ ਯਾਦ ਕਰੋ। ਉੱਥੇ ਦੀ ਜੋ ਰਸਮ ਰਿਵਾਜ਼ ਹੋਵੇਗੀ ਉਹ ਚੱਲੇਗੀ। ਬੱਚੇ ਜਿਸ ਤਰ੍ਹਾਂ ਨਾਲ ਪੈਦਾ ਹੁੰਦੇ ਹੋਣਗੇ, ਉਸ ਤਰ੍ਹਾਂ ਨਾਲ ਹੋਣਗੇ। ਤੁਸੀਂ ਕਿਉਂ ਇਸ ਵਿੱਚ ਜਾਂਦੇ ਹੋ? ਵਿਕਾਰ ਦੀ ਗੱਲ ਮੂੰਹ ਤੇ ਕਿਓਂ ਲਿਆਉਂਦੇ ਹੋ? ਇਹ ਚਿੱਤਰ ਕਿਸੇਨੂੰ ਸੌਗਾਤ ਵਿੱਚ ਦੇਣਾ ਬਹੁਤ ਚੰਗਾ ਹੈ। ਇਹ ਗੋਡ ਫਾਦਰਲੀ ਗਿਫਟ ਹੈ। ਅਜਿਹੀ ਗੋਡ ਫਾਦਰਲੀ ਗਿਫ਼੍ਰ ਕੌਣ ਨਹੀਂ ਲੈ ਜਾਣਗੇ। ਕ੍ਰਿਸ਼ਚਨ ਲੋਕ ਹੋਰ ਕਿਸੇਦਾ ਲਿਟਰੇਚਰ ਆਦਿ ਨਹੀਂ ਲੈਂਦੇ, ਉਹਨਾਂ ਨੂੰ ਆਪਣੇ ਧਰਮ ਦਾ ਨਸ਼ਾ ਰਹਿੰਦਾ ਹੈ। ਬਾਪ ਤਾਂ ਕਹਿੰਦੇ ਹਨ ਦੇਵਤਾ ਧਰਮ ਸਭਤੋਂ ਉੱਚ ਹੈ। ਉਹ ਸਮਝਦੇ ਹਨ ਕਿ ਸਾਨੂੰ ਇਹ ਕ੍ਰਿਸ਼ਚਨਾ ਤੋਂ ਬਹੁਤ ਪੈਸੇ ਮਿਲਦੇ ਹਨ। ਪਰ ਇਹ ਤੇ ਗਿਆਨ ਦੀਆਂ ਗੱਲਾਂ ਹਨ। ਜੋ ਗਿਆਨ ਉਠਾਉਂਦੇ ਹਨ ਉਹ ਹੀ ਬਾਪ ਕੋਲੋਂ ਵਰਸਾ ਪਾਉਂਦੇ ਹਨ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਵਿਸ਼ਵ ਦਾ ਮਾਲਿਕ ਬਣਨ ਵਾਲੇ ਮਾਤ -ਪਿਤਾ ਤੇ ਦਿਲ ਤੋਂ ਕੁਰਬਾਨ ਜਾਣਾ ਹੈ। ਉਹਨਾਂ ਦੀ ਸ਼੍ਰੀਮਤ ਤੇ ਚੰਗੀ ਤਰ੍ਹਾਂ ਚਲ ਸ਼੍ਰੇਸ਼ਠ ਬਣਨਾ ਹੈ।

2. ਆਪਣੀ ਦਿਲ ਸਦਾ ਸੱਚੀ ਰੱਖਣੀ ਹੈ। ਹੰਕਾਰ ਵਿੱਚ ਨਹੀਂ ਆਉਣਾ ਹੈ। ਅਸ਼ਰਫੀਆਂ ਦਾ ਦਾਨ ਕਰਨਾ ਹੈ। ਗਿਆਨ ਦਾਨ ਕਰਨ ਵਿੱਚ ਮਹਾਰਥੀ ਬਣਨਾ ਹੈ। 8 ਘੰਟਾ ਈਸ਼ਵਰੀ ਸਰਵਿਸ ਜਰੂਰ ਕਰਨੀ ਹੈ।

ਵਰਦਾਨ:- ਸਰਵ ਪ੍ਰਾਪਤੀਆਂ ਦੀ ਅਨੁਭੂਤੀ ਦਵਾਰਾ ਮਾਇਆ ਦੀ ਵਿਦਾਈ ਪਾਉਣ ਵਾਲੇ ਖੁਸ਼ਨਸੀਬ ਆਤਮਾ ਭਵ

ਜਿਨ੍ਹਾਂ ਦਾ ਸਾਥੀ ਸਰਵਸ਼ਕਤੀਮਾਨ ਬਾਪ ਹੈ, ਉਹਨਾਂ ਨੂੰ ਸਦਾ ਹੀ ਸਰਵ ਪ੍ਰਾਪਤੀਆਂ ਹਨ। ਉਹਨਾਂ ਦੇ ਸਾਹਮਣੇ ਕਿਸੇ ਤਰ੍ਹਾਂ ਦੀ ਮਾਇਆ ਆ ਨਹੀਂ ਸਕਦੀ। ਜੋ ਪ੍ਰਾਪਤੀਆਂ ਦੀ ਅਨੁਭੂਤੀ ਵਿੱਚ ਰਹਿ ਮਾਇਆ ਨੂੰ ਵਿਦਾਈ ਦਿੰਦੇ ਹਨ ਉਹਨਾਂ ਨੂੰ ਬਾਪਦਾਦਾ ਦਵਾਰਾ ਹਰ ਕਦਮ ਵਿੱਚ ਵਧਾਈ ਮਿਲਦੀ ਹੈ। ਤਾਂ ਸਦਾ ਇਸ ਸਮ੍ਰਿਤੀ ਵਿੱਚ ਰਹੋ ਕਿ ਖੁਦ ਭਗਵਾਨ ਸਾਨੂੰ ਆਤਮਾਵਾਂ ਨੂੰ ਵਧਾਈ ਦਿੰਦੇ ਹਨ, ਜੋ ਸੋਚਿਆ ਨਹੀਂ ਉਹ ਪਾ ਲਿਆ, ਬਾਪ ਨੂੰ ਪਾਇਆ ਸਭ ਕੁਝ ਪਾਇਆ ਇਵੇਂ ਦੇ ਖੁਸਨਸ਼ੀਬ ਆਤਮਾ ਹੋ।

ਸਲੋਗਨ:- ਸਵਚਿੰਤਨ ਅਤੇ ਪ੍ਰਭੁਚਿੰਤਨ ਕਰੋ ਤਾਂ ਵਿਅਰਥ ਚਿੰਤਨ ਖੁਦ ਸਮਾਪਤ ਹੋ ਜਾਏਗਾ।

******